## ਮੁਖਬੰਧ

ਇਹ ਕੈਂਬਰਿੱਜਸ਼ਾਇਰ ਕਾਂਸਟੇਬੁਲਰੀ ਦੀ ਨਸਲੀ ਸਮਾਨਤਾ ਸਕੀਮ ਦਾ ਖ਼ੁਲਾਸਾ ਹੈ। ਸਕੀਮ ਦੀ ਪੂਰੀ ਕਾਪੀ ਇੰਟਰਨੈੱਟ ਤੇ, ਤੁਹਾਡੇ ਸਥਾਨਿਕ ਪੁਲਿਸ ਸਟੇਸ਼ਨ ਤੇ ਜਾਂ ਮੰਗ ਕਰਨ ਤੇ ਵੇਖੀ ਜਾ ਸਕਦੀ ਹੈ। ਖ਼ੁਲਾਸੇ ਦੀਆਂ ਕਾਪੀਆਂ ਅਨੇਕ ਭਾਸ਼ਾਵਾਂ, ਦੂਜੇ ਫ਼ਾਰਮੈਟਾਂ, ਮੋਟੀ ਛਪਾਈ ਅਤੇ ਆਡੀਓ ਟੇਪ ਤੇ ਉਪਲਬਧ ਹਨ।

## ਨਸਲੀ ਸਮਾਨਤਾ ਨੂੰ ਉਤਸ਼ਾਹਿਤ ਕਰਨਾ

ਨਸਲੀ ਸੰਬੰਧ (ਸੰਸ਼ੋਧਨ) ਐਕਟ 2000 ਹੇਠ ਸੂਚੀ ਵਿੱਚ ਦਿੱਤੀਆਂ ਸਾਰੀਆਂ ਸਰਕਾਰੀ ਸੰਸਥਾਵਾਂ, ਜਿਨ੍ਹਾਂ ਵਿੱਚ ਕੈਂਬਰਿੱਜਸ਼ਾਇਰ ਕਾਂਸਟੇਬੁਲਰੀ ਸ਼ਾਮਲ ਹੈ, ਨੇ ਨਸਲੀ ਸਮਾਨਤਾ ਦੀ ਸਕੀਮ ਨੂੰ ਪ੍ਰਕਾਸ਼ਿਤ ਕਰਨਾ ਹੈ। ਇਸ ਵਿੱਚ ਤਿੰਨ ਸਾਲ ਦਾ ਪਲਾਨ ਸ਼ਾਮਲ ਹੈ ਜਿਸ ਵਿੱਚ ਇਹ ਦੱਸਿਆ ਜਾਣਾ ਹੈ ਕਿ ਸੰਸਥਾਗਤ ਨਸਲਵਾਦ ਨਾਲ ਨਿਪਟਾਰਾ ਅਸੀਂ ਕਿਵੇਂ ਕਰਨਾ ਚਾਹੁੰਦੇ ਹਾਂ ਅਤੇ ਆਪਣੀਆਂ ਸੇਵਾਵਾਂ ਵਿੱਚ ਤੇ ਸਾਡੇ ਸਮੁਦਾਇਆਂ ਨਾਲ ਸੰਪਰਕ ਵਿੱਚ ਅਸੀਂ ਨਸਲੀ ਸਮਾਨਤਾ ਨੂੰ ਕਿਵੇਂ ਉਤਸ਼ਾਹਿਤ ਕਰਨਾ ਚਾਹੁੰਦੇ ਹਾਂ।

## ਸਾਡੀਆਂ ਕਦਰਾਂ

ਕੈਂਬਰਿੱਜਸ਼ਾਇਰ ਕਾਂਸਟੇਬੁਲਰੀ ਦਾ ਉਦੇਸ਼ ਕਮਿਊਨਿਟੀ ਦੇ ਸਾਰੇ ਮੈਂਬਰਾਂ ਲਈ 'ਸੁਰੱਖਿਅਤ ਕੈਂਬਰਿੱਜਸ਼ਾਇਰ ਬਣਾਉਣਾ' ਹੈ। ਇਸਦੇ ਵਿਵਿਧਤਾ ਯੂਨਿਟ ਦਾ ਉਦੇਸ਼ 'ਹਰੇਕ ਦੀ ਕਦਰ ਕਰਨ, ਉਸ ਦਾ ਸਨਮਾਨ ਕਰਨ ਅਤੇ ਉਸ ਨਾਲ ਸੰਵੇਦਨਸ਼ੀਲਤਾ ਅਤੇ ਮਰਿਆਦਾ ਨਾਲ ਵਿਵਹਾਰ ਕਰਨ ਲਈ ਕੈਂਬਰਿੱਜਸ਼ਾਇਰ ਕਾਂਸਟੇਬੁਲਰੀ ਦਾ ਸ਼ਕਤੀਕਰਨ ਕਰਨਾ ਹੈ'। ਸਕੀਮ ਵਿੱਚ ਸਾਡੀ ਵਚਨਬੱਧਤਾ ਦੀ ਵਿਆਖਿਆ ਕੀਤੀ ਗਈ ਹੈ ਕਿ ਅਸੀਂ ਆਪਣੇ ਸਾਰੇ ਕੰਮਾਂ ਤੇ ਅਮਲਾਂ ਵਿੱਚ ਨਸਲੀ ਸਮਾਨਤਾ ਨੂੰ ਮੁਖਧਾਰਾ ਵਜੋਂ ਪ੍ਰਭਾਵਕਾਰੀ ਤਰੀਕੇ ਨਾਲ ਸ਼ਾਮਲ ਕਰਨ ਨੂੰ ਯਕੀਨੀ ਬਣਾਉਣਾ ਹੈ ਅਤੇ ਇਸ ਪ੍ਰਕਾਰ ਘੱਟ ਗਿਣਤੀ ਨਸਲੀ ਸਮੁਦਾਇਆਂ ਦਾ ਭਰੋਸਾ ਤੇ ਵਿਸ਼ਵਾਸ ਪ੍ਰਾਪਤ ਕਰਨਾ ਹੈ ਤੇ ਆਪਣੇ ਆਪ ਨੂੰ ਇਕ ਨਾਗਰਿਕ-ਕੇਂਦ੍ਰਿਤ ਸੇਵਾ ਬਣਾਉਣ ਲਈ ਅੱਗੇ ਵੱਧਣਾ ਹੈ।

## ਨਸਲੀ ਸੰਬੰਧ (ਸੰਸ਼ੋਧਨ) ਐਕਟ 2000 ਦੇ ਅਨੁਸਾਰ ਸਧਾਰਨ ਤੇ ਵਿਸ਼ੇਸ਼ ਡਿਊਟੀਆਂ

ਐਕਟ ਦੇ ਅਨੁਸਾਰ ਕਾਂਸਟੇਬੁਲਰੀ ਨੇ ਆਪਣੇ ਕੰਮਾਂ ਨੂੰ ਕਰਨ ਵਿੱਚ ਇਨ੍ਹਾਂ ਲੋੜਾਂ ਵੱਲ ਧਿਆਨ ਦੇਣਾ ਹੈ:

- ਨਸਲੀ ਵਿਤਕਰੇ ਨੂੰ ਸਮਾਪਤ ਕਰਨਾ
- ਅਵਸਰਾਂ ਵਿੱਚ ਸਮਾਨਤਾ ਨੂੰ ਉਤਸ਼ਾਹਿਤ ਕਰਨਾ
- ਵੱਖ ਵੱਖ ਨਸਲੀ ਗਰੁੱਪਾਂ ਵਿੱਚ ਚੰਗੇ ਸੰਬੰਧਾਂ ਨੂੰ ਹੱਲਾਸ਼ੇਰੀ ਦੇਣਾ

ਨਸਲੀ ਸੰਬੰਧ (ਸੰਸ਼ੋਧਨ) ਐਕਟ 2000 ਹੇਠ ਸਾਡੀਆਂ ਵਿਸ਼ੇਸ਼ ਡਿਊਟੀਆਂ ਦੇ ਹਵਾਲੇ ਵਿੱਚ ਕਾਂਸਟੇਬੁਲਰੀ ਆਪਣੇ ਅਮਲੇ ਦੀ ਨਸਲੀ ਬਣਤਰ ਦੀ ਨਿਗਰਾਨੀ ਵੀ ਕਰੇਗੀ।

## ਨੀਤੀ ਦੇ ਉਦੇਸ਼

ਸਕੀਮ ਵਿੱਚ ਮੁਲਾਜ਼ਮਤ ਦੇਣ ਅਤੇ ਸੇਵਾ ਪ੍ਰਦਾਨ ਕਰਨ ਦੀ ਨੀਤੀ ਨਾਲ ਸੰਬੰਧਤ ਉਦੇਸ਼ਾਂ ਦੀ ਸੂਚੀ ਹੈ ਅਤੇ ਇਸ ਵਿੱਚ ਅਨੇਕ ਕਾਰਵਾਈਆਂ ਦਾ ਪ੍ਰੋਗ੍ਰਾਮ ਸ਼ਾਮਲ ਹੈ ਕਿ ਅਸੀਂ ਇਨ੍ਹਾਂ ਉਦੇਸ਼ਾਂ ਨੂੰ ਪ੍ਰਾਪਤ ਕਰਨ ਨੂੰ ਕਿਵੇਂ ਯਕੀਨੀ ਬਣਾਉਣਾ ਹੈ। ਅਸੀਂ ਆਪਣੇ ਅਮਲੇ ਅਤੇ ਸੰਬੰਧਤ ਸਮੁਦਾਇਆਂ ਨਾਲ ਵਿਚਾਰ ਵਟਾਂਦਰਾ ਕਰਕੇ ਉਨ੍ਹਾਂ ਪਾਲਿਸੀਆਂ ਨੂੰ ਧਿਆਨ ਨਾਲ ਬਣਾਉਣਾ ਅਤੇ ਵਧਾਉਣਾ ਚਾਹੁੰਦੇ ਹਾਂ ਜਿਨ੍ਹਾਂ ਦਾ ਨਸਲੀ ਸੰਬੰਧਾਂ ਉੱਪਰ ਸਕਾਰਾਤਮਿਕ ਪ੍ਰਭਾਵ ਪੈਂਦਾ ਹੈ।

## ਸਾਨੂੰ ਸੰਪਰਕ ਕਰਨਾ

ਅਸੀਂ ਜਾਣਦੇ ਹਾਂ ਕਿ ਸਾਡੀ ਸਕੀਮ ਨੂੰ ਲਚਕਦਾਰ ਹੋਣ ਦੀ ਲੋੜ ਹੈ ਅਤੇ ਇਸ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ। ਇਸ ਲਈ ਅਸੀਂ ਵਿਚਾਰਾਂ ਦਾ ਸੁਆਗਤ ਕਰਦੇ ਹਾਂ।
ਜੇਕਰ ਤੁਹਾਨੂੰ ਸਕੀਮ ਦੇ ਬਾਰੇ ਹੋਰ ਫ਼ਾਰਮੈਟਾਂ ਜਾਂ ਭਾਸ਼ਾਵਾਂ ਵਿੱਚ ਵਧੇਰੇ ਜਾਣਕਾਰੀ ਦੀ ਲੋੜ ਹੈ ਤਾਂ ਸਾਨੂੰ ਸੰਪਰਕ ਕਰੋ:

## ਸ਼ਿਕਾਇਤਾਂ ਅਤੇ ਸੰਪਰਕ ਵੇਰਵਾ

ਨਸਲੀ ਸਮਾਨਤਾ ਕਮੀਸ਼ਨ (The Commission for Racial Equality - CRE) ਦੀ ਲਾਗੂ ਕਰਾਉਣ ਦੀ ਭੂਮਿਕਾ ਹੈ। ਜਿਨ੍ਹਾਂ ਨੂੰ ਲੱਗੇ ਕਿ ਉਹ ਕਾਂਸਟੇਬੁਲਰੀ ਜਾਂ ਇਸ ਦੇ ਮੈਂਬਰਾਂ ਦੁਆਰਾ ਨਸਲੀ ਸੰਬੰਧ (ਸੰਸ਼ੋਧਨ) ਐਕਟ 2000 ਦੀ ਪਾਲਣਾ ਨਾ ਕਰਨ ਵਜੋਂ ਸਿੱਧੇ ਤੌਰ ਤੇ ਪ੍ਰਭਾਵਿਤ ਹੋਏ ਹਨ ਉਨ੍ਹਾਂ ਨੂੰ ਆਪਣਾ ਮਾਮਲਾ ਚੀਫ਼ ਕਾਂਸਟੇਬਲ, ਸੁਤੰਤਰ ਪੁਲਿਸ ਸ਼ਿਕਾਇਤ ਕਮੀਸ਼ਨ ਜਾਂ ਸੀਆਰਈ ਦੇ ਧਿਆਨ ਵਿੱਚ ਲਿਆਉਣਾ ਚਾਹੀਦਾ ਹੈ।

The Commission for Racial Equality
Elliot House
10 / 12 Allington Street
London
SW1E 5EH
ਟੈਲੀਫ਼ੋਨ: 0207 8287022
www.cre.gov.uk

Independent Police Complaints
Commission
90 High Holborn
London
WC1V 6BH
08453002002
ਈਮੇਲ: enquiries@ipcc.gsi.gov.uk

Punjabi

# ਨਸਲੀ ਸਮਾਨਤਾ ਸਕੀਮ: ਖ਼ੁਲਾਸਾ